# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ।

ਵੱਲ

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਡੀ.ਡੀ.ਓਜ਼.
ਸਸਸ/ਸਹਸ (ਵੈਬ ਸਾਈਟ ਰਾਹੀਂ)
ਜ਼ਿਲ੍ਹਾ ਮਾਨਸਾ।

ਪੱਤਰ ਨੰ: ਆਈ.ਸੀ.ਟੀ./ਤਨਖਾਹ ਬੱਜਟ/2017/5669 ਮਿਤੀ: 31-08-2017

**ਵਿਸ਼ਾ:-** **ਕੰਪਿਊਟਰ ਫੈਕਲਟੀਜ ਦੀ ਅਗਸਤ 2017 ਦੇ ਤਨਖਾਹ ਬੱਜਟ ਬਿੱਲਾਂ ਅਤੇ ਸਰਟੀਫਿਕੇਟ ਸਬੰਧੀ।**

ਸਕੂਲ ਮੁੱਖੀ ਨੂੰ ਲਿਖਿਆ ਜਾਂਦਾ ਹੈ ਕਿ ਅਗਸਤ 2017 ਮਹੀਨੇ ਤੋਂ ਕੰਪਿਊਟਰ ਫੈਕਲਟੀਜ਼ ਦੇ ਤਨਖਾਹ ਦੇ ਬੱਜਟ ਬਿੱਲ ਹਾਲ ਦੀ ਘੜੀ ਬਿਨ੍ਹਾਂ ਆਈ.ਆਰ. ਤੋਂ ਤਿਆਰ ਕਰਕੇ ਭੇਜੇ ਜਾਣਾ ਕਿਉਂਕਿ ਮੌਜੂਦਾ ਸਮੇਂ ਸਬੰਧਤ ਨੂੰ ਤਨਖਾਹ ਦੀ ਅਦਾਇਗੀ ਬਿਨ੍ਹਾਂ ਆਈ.ਆਰ. ਤੋਂ ਕੀਤੀ ਜਾ ਰਹੀ ਹੈ। ਸੋ ਜ਼ਿਲ੍ਹਾ ਪੱਧਰ ਤੇ ਭੇਜੇ ਜਾਣ ਵਾਲੇ ਬਿੱਲਾਂ ਵਿੱਚ ਹਾਲ ਦੀ ਘੜੀ ਆਈ.ਆਰ. ਨਾ ਜੋੜੀਆ ਜਾਵੇ। ਉਪਰੋਕਤ ਤੋਂ ਇਲਾਵਾ ਤਨਖਾਹ ਜਾਰੀ ਕਰਨ ਤੋਂ ਪਹਿਲਾ ਕੰਪਿਊਟਰ ਫੈਕਲਟੀਜ਼ ਦਾ ਡਾਟਾ ehrms (manav sampda) ਪੋਰਟਲ ਤੇ ਅਪਡੇਟ ਕਰਨਾ ਅਤਿ ਜ਼ਰੂਰੀ ਹੈ ਸੋ ਡਾਟਾ ਅਪਡੇਟ ਕਰਨ ਸਬੰਧੀ ਬਣਦੀ ਕਾਰਵਾਈ ਤੁਰੰਤ ਕੀਤੀ ਜਾਵੇ। ਉਪਰੋਕਤ ਸਬੰਧੀ ਸਰਟੀਫਿਕੇਟ ਸਕੂਲ ਮੁੱਖੀ ਵੱਲੋਂ ਅਗਸਤ 2017 ਮਹੀਨੇ ਦੇ ਤਨਖਾਹ ਬੱਜਟ ਬਿੱਲਾਂ ਨਾਲ ਨੱਥੀ ਕਰਕੇ ਭੇਜਿਆ ਜਾਵੇ ਕਿ ਸਕੂਲ ਵਿੱਚ ਮੌਜੂਦਾ ਕੰਮ ਕਰਦੇ ਸਮੂਹ ਕੰਪਿਊਟਰ ਫੈਕਲਟੀਜ਼ ਦਾ ਸੰਪੂਰਨ ਡਾਟਾ ehrms (manav sampda) ਪੋਰਟਲ ਤੇ ਅਪਡੇਟ ਕਰ ਦਿੱਤਾ ਗਿਆ ਹੈ। ਸਰਟੀਫਿਕੇਟ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਮੁੱਖ ਦਫ਼ਤਰ ਵੱਲੋਂ ਸਬੰਧਤ ਸਕੂਲ ਦੀ ਅਗਸਤ 2017 ਮਹੀਨੇ ਦੀ ਤਨਖਾਹ ਜਾਰੀ ਨਾ ਹੋਣ ਸਬੰਧੀ ਜੁਮੇਵਾਰੀ ਸਬੰਧਤ ਸਕੂਲ ਮੁੱਖੀ/ਅਧਿਕਾਰੀ/ਕਰਮਚਾਰੀ ਦੀ ਹੋਵੇਗੀ।

31/8/17

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਮਾਨਸਾ।

Scanned by CamScanner